Code No. : 820158-SA$_2$(M)

# ਜਮਾਤ- ਅੱਠਵੀਂ
# ਵਿਸ਼ਾ- ਪੰਜਾਬੀ
## SUMMATIVE ASSESSMENT- 2
## (ਛਿਮਾਹੀ ਪ੍ਰੀਖਿਆ)

ਸਮਾਂ- 3 ਘੰਟੇ ਕੁਲ ਅੰਕ- 90

ਜ਼ਰੂਰੀ ਹਦਾਇਤਾਂ :-
1. ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ ।
2. ਪੇਪਰ ਤਰਤੀਬ ਅਨੁਸਾਰ ਹੱਲ ਕਰੋ ।
3. ਲਿਖਾਈ ਸੁੰਦਰ ਤੇ ਸਾਫ਼ ਕਰੋ ।

### ਭਾਗ- ੳ (ਸਾਹਿਤ)

1. (ੳ) ਹੇਠ ਲਿਖੀਆਂ ਕਾਵਿ ਸਤਰਾਂ ਦੇ ਅਧਾਰ ਤੇ ਪ੍ਰਸ਼ਨਾਂ ਦੇ ਉੱਤਰ ਦਿਉ :-

ਬੰਨੇ-ਬੰਨੇ ਉਡੱਣ ਡੋਰੀਏ ਥਾਂ ਥਾਂ ਛਣਕਣ ਵੰਗਾਂ ।<br>
ਹਰ ਗੋਰੀ ਦੇ ਦਿਲ ਵਿਚ ਜਾਗੀਆਂ, ਸੁੱਤੀਆਂ ਹੋਈਆਂ ਉਮੰਗਾਂ ।<br>
ਗਿੱਧੇ ਮੱਚੇ, ਝਾਂਜਰ ਛਣਕੀ ਪੌਣ ਗਈ ਨਸ਼ਿਆਈ ।<br>
ਸ਼ਾਵਾ ਓ! ਕਿਸਾਨਾ ਤੇਰੇ<br>
ਸ਼ਾਵਾ ਓ ! ਮਜ਼ੂਰਾ ਤੇਰੇ<br>
ਰਾਖੀ ਦੀ ਰੁੱਤ ਆਈ ।

1. ਕਵੀ ਅਤੇ ਕਵਿਤਾ ਦਾ ਨਾਂ ਲਿਖੋ ।
2. ਬੰਨੇ-ਬੰਨੇ ਕੀ ਉਡੱ ਰਿਹਾ ਹੈ ?
3. ਕਿਸ ਦੇ ਦਿਲ ਵਿਚ ਸੁੱਤੀਆਂ ਹੋਈਆਂ ਉਮੰਗਾਂ ਜਾਗੀਆਂ ਹਨ ?
4. ਕਵੀ ਰਾਖੀ ਕਰਨ ਵਾਸਤੇ ਕਿਸ-ਕਿਸ ਨੂੰ ਕਹਿ ਰਿਹਾ ਹੈ ? (2+1+1+1=5)

(ਅ) 'ਤੇਰਾ ਵੱਸਦਾ ਰਹੇ ਪੰਜਾਬ' ਕਵਿਤਾ ਦਾ ਸਾਰ ਲਿਖੋ । 5

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ (30-35) ਸ਼ਬਦਾਂ ਵਿਚ ਲਿਖੋ - (ਕੋਈ ਪੰਜ ਕਰੋ)
   1. ਸਰਦਾਰ ਦੇ ਬੱਚੇ ਗਫ਼ੂਰ ਕੋਲ ਆਉਣਾ ਕਿਉਂ ਪਸੰਦ ਕਰਦੇ ਸਨ ?
   2. ਹਰਨਾਕਸ਼ ਨੇ ਕੀ ਵਰ ਪ੍ਰਾਪਤ ਕੀਤਾ ਸੀ ?
   3. ਮੁੰਡਿਆਂ ਨੇ ਪਹਿਲਾਂ ਹਾਮਿਦ ਨੂੰ ਆਪਣੀ ਬਰਾਦਰੀ ਵਿਚੋਂ ਕਿਉਂ ਕੱਢ ਦਿਤਾ ?
   4. ਹਰਨਾਕਸ਼ ਦਾ ਅੰਤ ਕਿਵੇਂ ਹੋਇਆ ?
   5. ਹਾਮਿਦ ਨੇ ਚਿਮਟਾ ਕਿਉਂ ਖਰੀਦਿਆ ?
   6. "ਉਸ ਦਿਨ ਉਸ ਰੋਟੀ ਨਾ ਪਕਾਈ ਅਤੇ ਐਵੇਂ ਹੀ ਸੌਂ ਗਿਆ ।" ਕਿਹੜੀ ਗੱਲੋਂ ਗਫ਼ੂਰ ਨੇ ਇਸ ਤਰ੍ਹਾਂ ਕੀਤਾ ?
   7. ਅਮੀਨਾ ਚਿਮਟਾ ਵੇਖ ਕੇ ਖੁਸ਼ ਕਿਉਂ ਨਾ ਹੋਈ ? (5x2=10)
3. ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿਚ ਲਿਖੋ:-
   1. ਸੁੱਖ ਅਤੇ ਖੁਸ਼ੀ ਦੇ ਸਮੇਂ ਸਮਾਂ ਕਿਵੇਂ ਪ੍ਰਤੀਤ ਹੁੰਦਾ ਹੈ ?
   2. ਦੁਨੀਆਂ ਦਾ ਸਭ ਤੋਂ ਸਰਬ-ਸ੍ਰੇਸ਼ਟ ਇਨਾਮ ਕਿਹੜਾ ਹੈ ?
   3. ਸਾਡੇ ਦੇਸ਼ ਵਿਚ ਸਮੇਂ ਨੂੰ ਕਿੰਨ੍ਹੇ ਪਹਿਰਾਂ ਵਿਚ ਵੰਡਿਆ ਗਿਆ ਹੈ ?
   4. ਪ੍ਰਦੂਸ਼ਣ ਪਾਠ ਦਾ ਲੇਖਕ ਕੌਣ ਹੈ ?
   5. ਸਾਡੇ ਜਿਊਂਦੇ ਰਹਿਣ ਲਈ ਕੀ ਬਹੁਤ ਜ਼ਰੂਰੀ ਹੈ ?
   6. ਲੇਖਕ ਦੇ ਬਾਪੂ ਜੀ ਦਾ ਪਿੰਡ ਕਿਹੜੀਆਂ ਪਹਾੜੀਆਂ ਵਿਚਕਾਰ ਘਿਰਿਆ ਸੀ ? (ਪ੍ਰਦੂਸ਼ਣ ਪਾਠ ਵਿਚੋਂ)
   7. ਸਮੇਂ ਨੂੰ ਕਿਵੇਂ ਸਾਂਭਿਆ ਜਾ ਸਕਦਾ ਹੈ ?
   8. ਸਪਰਿੰਗਾਂ ਨਾਲ ਚਲਣ ਵਾਲੇ ਕਲਾਕ ਕਦੋਂ ਬਣੇ ?
   9. ਨੋਬਲ ਐਲਫਰੈਡੱ ਦਾ ਜਨਮ ਕਿਥੇ ਹੋਇਆ ?
   10. ਪ੍ਰਦੂਸ਼ਣ ਕੀ ਹੈ ?

11. ਭਾਰਤ ਦੇ ਕਿਹੜੇ ਭੌਤਿਕ ਵਿਗਿਆਨੀ ਨੂੰ ਨੋਬਲ - ਇਨਾਮ ਪ੍ਰਾਪਤ ਹੋਇਆ ਸੀ ?

12. ਨੋਬਲ ਐਲਫਰੈਡੱ ਨੇ ਕਿਹੜੀ ਮਹਾਨ ਕਾਢ ਕੱਢੀ ? (12x1=12)

4. ਅੱਜ ਦਾ ਮਨੁੱਖ ਵਿਖਾਵੇ ਵਿਚ ਯਕੀਨ ਰੱਖਦਾ ਹੈ ਪਰ ਸਾਂਈ ਮੀਆਂ ਮੀਰ ਜੀ ਅਜਿਹਾ ਨਹੀਂ ਕਰਦੇ ਸਨ। 'ਏਕਤਾ ਦਾ ਨੂਰ' ਪਾਠ ਪੜ੍ਹ ਕੇ ਤੁਹਾਨੂੰ ਸਾਂਈ ਜੀ ਦੇ ਜੀਵਨ ਤੋਂ ਕੀ ਪ੍ਰੇਰਨਾ ਮਿਲਦੀ ਹੈ ? (ਲਗਭਗ 100 ਸ਼ਬਦਾਂ ਵਿੱਚ)

ਜਾਂ

ਕੋਈ ਯਾਤਰਾ ਕਰਦੇ ਸਮੇਂ ਤੁਸੀਂ ਜਨਤਕ ਥਾਵਾਂ (ਰੇਲਵੇ-ਸਟੇਸ਼ਨ, ਬੱਸ ਸਟੈਂਡ, ਬੀਚ, ਸਮਾਰਕ, ਵੇਖਣ ਯੋਗ ਥਾਵਾਂ) ਤੇ ਕਿਹੋ ਜਿਹਾ ਵਿਹਾਰ ਕਰੋਗੇ ? ਹਾਲੀਵੁੱਡ ਦਾ ਯੂਨੀਵਰਸਲ ਸਟੂਡੀਓ ਪਾਠ ਤੋਂ ਪ੍ਰਾਪਤ ਅਨੁਭਵਾਂ ਦੇ ਅਧਾਰ ਤੇ ਉੱਤਰ ਦਿਉ। (4)

5. (ੳ) ਹੇਠ ਲਿਖੇ ਸ਼ਬਦ ਕਿਸਨੇ ਕਿਸਨੂੰ ਕਹੇ:-

1. "ਸਿੱਖ ਹੈ ਕਿ ਮੁਸਲਮਾਨ, ਬੱਚਾ ਤੇ ਸਭ ਕਾ ਏਕ ਹੈ, ਖੁਦਾ ਤੇ ਸਭ ਕਾ ਏਕ ਹੈ।"
2. "ਜੇ ਤੇਰਾ ਪਰਮਾਤਮਾ ਇਸ ਥੰਮ੍ਹਲੇ ਵਿੱਚ ਹੈ ਤਾਂ ਜਾਹ ਇਸ ਨੂੰ ਜੱਫੀ ਪਾ ਲੈ।"
3. " ਠੀਕ ਠੀਕ ਪੰਜ ਪੈਸੇ ਲਗਣਗੇ। ਲੈਣਾ ਹੈ ਲੈ, ਨਹੀਂ ਤਾਂ ਖਿਸਕਦਾ ਹੋ।"
4. "ਤੇਰੀਆਂ ਉਂਗਲਾਂ ਤਵੇ ਨਾਲ ਸੜ ਜਾਂਦੀਆ ਸੀ ਨਾ, ਇਸੇ ਲਈ ਮੈਂ ਇਹ ਲੈ ਲਿਆ।"
5. "ਤੋ ਤੁਮ ਇਸ ਕੋ ਬਚਾਨੇ ਕੇ ਲੀਏ ਉਠਾ ਕੇ ਲੈ ਗਿਆ।" (5x1=5)

ਅ) ਸ਼ਬਦਾਂ ਦੇ ਅਰਥ ਲਿਖੋ:- 1) ਲੋੜਵੰਦ 2) ਕਲੇਸ 3) ਸੂਝ 4)ਬਣਾਉਟੀ (4x1=4)

ਭਾਗ ਅ (ਵਿਆਕਰਨ)

6. ਬਹੁ ਵਿਕਲਪੀ- ਵਿਧੀ ਉੱਤੇ ਅਧਾਰਿਤ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਚੁਣ ਕੇ (✓) ਦਾ ਨਿਸ਼ਾਨ ਲਗਾਓ :-

ੳ) 1. ਪਵਿੱਤਰ ਦਾ ਵਿਰੋਧੀ ਸ਼ਬਦ ਹੈ-

(ੳ) ਸਾਫ (ਅ) ਉਜੱਲਾ (ੲ) ਅਪਵਿੱਤਰ (ਸ) ਪਵਿੱਤਰਤਾ

2. 'ਭਗਵਾਨ' ਦਾ ਵਿਰੋਧੀ ਸ਼ਬਦ ਹੈ :-

(ੳ) ਕਿਸਮਤਵਾਲਾ (ਅ) ਭੈੜਾ (ੲ) ਚੰਦਰਾ (ਸ) ਭਾਗਹੀਣ

ਅ) 'ਲੌਕਿਕ' ਦੇ ਸਮਾਨਾਰਥਕ ਸ਼ਬਦ ਚੁਣੋ :-

(ੳ) ਪਰਾਭੌਤਿਕ, ਅਨੋਖਾ (ਅ) ਦੁਨਿਆਵੀ, ਸੰਸਾਰਿਕ
(ੲ) ਜ਼ਮੀਨ, ਧਰਤੀ (ਸ) ਭੌਤਿਕ, ਰਸਾਇਣਕ

2. ਵੀਰਤਾ ਦੇ ਸਮਾਨਾਰਥਕ ਸ਼ਬਦ ਚੁਣੋ :-

(ੳ) ਬਲਵਾਨ, ਬਦਮਾਸ਼ (ਅ) ਤਾਕਤ, ਊਰਜਾ
(ੲ) ਨਿੱਡਰ, ਸਾਹਸੀ (ਸ) ਪੰਜਾਬੀ, ਸਿੱਖ

ੲ) ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਚੁਣੋ :-

1. ਜਿਥੇ ਕਿਤਾਬਾਂ ਛਪਦੀਆਂ ਹੋਣ............

(ੳ) ਦਵਾਖ਼ਾਨਾ (ਅ) ਛਾਪਾਖ਼ਾਨਾ (ੲ) ਫੋਟੋਸਟੇਟ (ਸ) ਕਿਤਾਬਘਰ

2. ਕਾਨੂੰਨ ਨੂੰ ਜਾਨਣ ਵਾਲਾ................

(ੳ) ਡਾਕਟਰ (ਅ) ਗਵਾਹ (ੲ) ਸੰਵਿਧਾਨ (ਸ) ਵਕੀਲ, ਕਾਨੂੰਨਦਾਨ

ਸ) 'ਨਿਰ' ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

(ੳ) ਨਿਰਮਾ (ਅ) ਨਿਹੋਣੀ (ੲ) ਨਿਰਮਲ (ਸ) ਨਿਰੋਗ

2. 'ਬੇ' ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

(ੳ) ਬੇਦਕਾਰ (ਅ) ਬੇਅਕਲ (ੲ) ਬੇਦਿਲੂ (ਸ) ਬੇਕਾਲਜ

ਹ) 1. 'ਵਾਨ' ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

(ੳ) ਜੜ੍ਹਵਾਨ (ਅ) ਪੜਾਈਵਾਨ (ੲ) ਕਿਤਾਬਵਾਨ (ਸ) ਬਲਵਾਨ

2. 'ਸ਼ਾਲਾ' ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

(ੳ) ਗਊਸ਼ਾਲਾ (ਅ) ਘਰਸ਼ਾਲਾ (ੲ) ਪੜ੍ਹਾਈਸ਼ਾਲਾ (ਸ) ਬਲਸ਼ਾਲਾ (5×2=10)

7. ੳ) ਹੇਠ ਲਿਖੇ ਸ਼ਬਦ ਜੋੜਿਆਂ ਨੂੰ ਵਾਕਾਂ ਵਿਚ ਵਰਤ ਕੇ ਅਰਥ-ਭੇਦ ਸਪਸ਼ਟ ਕਰੋ :-
(1) ਬਾਨੀ-ਭਾਨੀ (2) ਬਾਰੀ-ਵਾਰੀ (2)
ਅ) ਨਿਮਨ ਲਿਖਤ ਸ਼ਬਦਾਂ ਦੇ ਸ਼ੁਧ ਰੂਪ ਲਿਖੋ :- (2)
(ੳ) ਅਉਖਾ (ਅ) ਜੁਲਮ (ੲ) ਸੁਝਾਵ (ਸ) ਭਕਤਿ

8. ਵਿਸ਼ਰਾਮ ਚਿੰਨ੍ਹ ਲਗਾਉ :-
ਨਾਨਕ ਸਿੰਘ ਪੰਜਾਬੀ ਦਾ ਹਰਮਨ ਪਿਆਰਾ ਲੇਖਕ ਸੀ। ਉਨ੍ਹਾਂ ਦੁਆਰਾ ਲਿਖੀਆਂ ਕਿਤਾਬਾਂ ਐਮ ਏ ਦੇ ਪਾਠਕਰਮ ਚ ਲਗੀਆਂ ਹਨ। (2)

9. ਕਹੇ ਅਨੁਸਾਰ ਵਾਕ-ਵਟਾਂਦਰਾ ਕਰੋ :-
1. ਅਫਸੋਸ ! ਤੂੰ ਫੇਲ ਹੋ ਗਿਆ। (ਵਿਸਮਿਕ ਤੋਂ ਸਧਾਰਨ ਵਾਕ) (4x1=4)
2. ਮੈਂ ਚਾਹੁੰਦਾ ਹਾਂ ਇਸ ਵਾਰ ਮੈਂ ਦੱਸਵੀਂ ਪਾਸ ਕਰ ਲਵਾਂ। (ਮਿਸ਼ਰਿਤ ਤੋਂ ਸਧਾਰਨ ਵਾਕ)
3. ਠੰਡੀ ਹਵਾ ਚਲਦੇ ਹੀ ਮੇਰੀ ਅੱਖ ਲਗ ਗਈ। (ਸਧਾਰਨ ਤੋਂ ਸਯੁੰਕਤ ਵਾਕ)
4. ਤੁਹਾਡਾ ਕੀ ਨਾਂ ਹੈ ? (ਪ੍ਰਸ਼ਨਿਕ ਤੋਂ ਸਧਾਰਨ ਵਾਕ)

10. ੳ) ਨਿਮਨ ਲਿਖਤ ਮੁਹਾਵਰਿਆਂ ਵਿਚੋਂ ਕਿਸੇ 4 ਨੂੰ ਵਾਕਾਂ ਵਿਚ ਇਸ ਤਰਾਂ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ :- (4x1=4)
1. ਠੋਕਰ ਖਾਣੀ 2. ਤੀਰ ਹੋ ਜਾਣਾ 3. ਬੇੜੀ ਡੁੱਬਣੀ 4. ਵਾਗਾਂ ਖਿਚਣੀਆਂ 5. ਰਾਈ ਦਾ ਪਹਾੜ ਬਣਾਉਣਾ
ਅ) ਹੇਠ ਲਿਖੇ ਅੁਖਾਣ ਕਿਹੜੇ ਮੌਕਿਆਂ ਤੇ ਵਰਤੇ ਜਾਂਦੇ ਹਨ :- (3x1=3)
1. ਰੱਜ ਨੂੰ ਚੱਜ ਆ ਜਾਂਦਾ ਹੈ। 2. ਭੱਜੀਆਂ ਬਾਹਾਂ ਗਲ ਨੂੰ ਆਉਂਦੀਆਂ ਹਨ। 3. ਲਿਖੇ ਮੂਸਾ ਪੜ੍ਹੇ ਖੁਦਾ।

11. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਇਸ ਵਿੱਚੋ ਯੋਜਕ, ਸੰਬੰਧਕ ਤੇ ਕਿਰਿਆ ਚੁਣ ਕੇ ਉਹਨਾਂ ਦੀ ਕਿਸਮ ਵੀ ਲਿਖੋ :- (6x½=3)
ਰਚਿਤ ਨੇ ਸੁੰਦਰ ਤਸਵੀਰ ਬਣਾਈ ਅਤੇ ਸੁੱਕਣ ਲਈ ਰੱਖ ਦਿਤੀ ਤਸਵੀਰ ਦੇ ਦੁਆਲੇ ਉਸਨੇ ਸੁੰਦਰ ਫਰੇਮ ਚੜ੍ਹਵਾ ਦਿਤਾ।

12. ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :-
ਦੀਵਾਲੀ ਇਕ ਪਵਿੱਤਰ ਤਿਉਹਾਰ ਹੈ। ਸਾਨੂੰ ਦੀਵੇ ਜਗਾ ਕੇ ਆਪਣੇ ਅੰਦਰਲੇ ਹਨੇਰੇ ਨੂੰ ਮਿਟਾਉਣਾ ਚਾਹੀਦਾ ਹੈ ਅੰਧ-ਵਿਸ਼ਵਾਸ, ਨਫਰਤ ਅਤੇ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਦੀਵਾਲੀ ਵਾਲੇ ਦਿਨ ਲੋਕ ਧੰਨ ਦੀ ਦੇਵੀ ਲੱਛਮੀ ਦੀ ਪੂਜਾ ਕਰਦੇ ਹਨ। ਨੌਜਵਾਨਾਂ ਨੂੰ ਪਟਾਕੇ ਨਾ ਚਲਾ ਕੇ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣੀ ਚਾਹੀਦੀ ਹੈ।
1. ਦੀਵਾਲੀ ਵਾਲੇ ਦਿਨ ਲੋਕ ਕਿਸ ਦੇਵੀ ਦੀ ਪੂਜਾ ਕਰਦੇ ਹਨ ?
2. ਦੀਵਾਲੀ ਤੇ ਸਾਨੂੰ ਕਿਹੜੀਆਂ ਚੀਜ਼ਾਂ ਤੋਂ ਦੂਰ ਰਹਿਣਾ ਚਾਹੀਦਾ ਹੈ ?
3. ਨੌਜਵਾਨ ਪ੍ਰਦੂਸ਼ਣ ਰਹਿਤ ਦੀਵਾਲੀ ਕਿਵੇਂ ਮਨਾ ਸਕਦੇ ਹਨ ?

13. ਤੁਹਾਡਾ ਭਰਾ ਫਿਲਮਾਂ ਬਹੁਤ ਦੇਖਦਾ ਹੈ। ਉਸਨੂੰ ਫਿਲਮਾਂ ਘੱਟ ਵੇਖਣ ਅਤੇ ਪੜ੍ਹਾਈ ਵੱਲ ਵਧੇਰੇ ਧਿਆਨ ਦੇਣ ਲਈ ਪ੍ਰੇਰਣਾ ਭਰਿਆ ਪੱਤਰ ਲਿਖੋ। 6

14. ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ-(ਲਗਭਗ 150 ਤੋਂ 200 ਸ਼ਬਦ)
ਵਿਗਿਆਨ ਦੇ ਚਮਤਕਾਰ
ਜਾਂ
ਪੁਸਤਕਾਂ ਸਭ ਤੋਂ ਚੰਗੀਆਂ ਸਾਥੀ 6